

ਪਾਠ-16

# ਪੰਖੁੜੀ ਦਾ ਸੰਦੇਸ਼

ਪੰਖੁੜੀ ਸਾਡੇ ਘਰ ਵਿੱਚ ਸਭ ਤੋਂ ਹੁਸ਼ਿਆਰ ਅਤੇ ਹੋਣਹਾਰ ਕੁੜੀ ਹੈ। ਬਚਪਨ ਤੋਂ ਹੀ ਉਸਨੂੰ ਪੜ੍ਹਨ ਦਾ ਬਹੁਤ ਸ਼ੌਂਕ ਹੈ। ਕਾਲਜ ਦੀ ਪੜ੍ਹਾਈ ਕਰਨ ਤੋਂ ਬਾਅਦ ਉਹ ਦਿੱਲੀ ਚਲੀ ਗਈ ਜਿੱਥੇ ਉਹ ਟੈਲੀਕਾਮ ਕੰਪਨੀ ਵਿੱਚ ਮੈਨੇਜਰ ਹੈ। ਉਹ ਆਪਣੇ ਦਾਦਾ ਜੀ ਨਾਲ਼ ਬਹੁਤ ਪਿਆਰ ਕਰਦੀ ਹੈ। ਦਿੱਲੀ ਰਹਿੰਦੀ ਹੋਈ ਵੀ ਉਹ ਸਾਡੇ ਸਾਰਿਆਂ ਨਾਲ਼ ਲਗਾਤਾਰ ਸੰਪਰਕ ਵਿੱਚ ਰਹਿੰਦੀ ਹੈ। ਸਾਨੂੰ ਉਸਦੇ ਸੰਦੇਸ਼ ਮਿਲਦੇ ਰਹਿੰਦੇ ਹਨ।


ਬੱਚਿਓ, ਸੋਚੋ ਕਿ ਪੰਖੁੜੀ ਆਪਣੇ ਸੰਦੇਸ਼ ਘਰ ਤੱਕ ਕਿਵੇਂ ਪਹੁੰਚਾਉਂਦੀ ਹੋਵੇਗੀ ?

ਸਾਡੇ ਦਾਦਾ ਜੀ ਦੱਸਦੇ ਹੁੰਦੇ ਸਨ ਕਿ ਪੁਰਾਣੇ ਸਮਿਆਂ ਵਿੱਚ ਇੱਕ ਥਾਂ ਤੋਂ ਦੂਜੇ ਥਾਂ ਤੇ ਸੰਦੇਸ਼ ਭੇਜਣ ਲਈ “ਦੂਤ” ਭੇਜੇ ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ। ਪੰਛੀਆਂ ਰਾਹੀਂ ਵੀ ਸੰਦੇਸ਼ ਭੇਜਣ ਦੀਆਂ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਦਾਦਾ ਜੀ ਦੱਸਦੇ ਹਨ ਕਿ ਉਸ ਸਮੇਂ ਸੰਦੇਸ਼ ਭੇਜਣ ਲਈ ਮਹੀਨੇ ਲੱਗ ਜਾਂਦੇ ਸਨ ਪਰ ਉਸ ਪਿੱਛੋਂ ਸੁਨੇਹੇ ਭੇਜਣ ਦੇ ਢੰਗ ਤਰੀਕਿਆਂ ਵਿੱਚ ਹੋਰ ਬਦਲਾਅ ਆਏ ਅਤੇ ਸੁਨੇਹੇ ਸਾਡੇ ਤੱਕ ਚਿੱਠੀਆਂ ਰਾਹੀਂ ਭੇਜੇ ਜਾਣ ਲਗ ਪਏ। ਅੱਜ ਵੀ ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।

**ਕਿਰਿਆ-1** ਬੱਚਿਓ! ਡਾਕੀਏ ਕੋਲ ਕਈ ਤਰ੍ਹਾਂ ਦੀਆਂ ਚਿੱਠੀਆਂ ਹੁੰਦੀਆਂ ਹਨ। ਅਧਿਆਪਕ ਦੀ ਮਦਦ ਨਾਲ ਚਿੱਤਰਾਂ ਵਿੱਚ ਚਿੱਠੀਆਂ ਦੇ ਨਾਮ ਖ਼ਾਲੀ ਥਾਂ ਵਿੱਚ ਭਰੋ ?



1. ........................




2. ........................






3. ..........................

4. ..........................

**ਸੰਚਾਰ ਤੋਂ ਭਾਵ ਹੈ ਕਿ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।** ਸੰਚਾਰ ਸਾਧਨਾਂ ਵਿੱਚ ਉੱਨਤੀ ਮਨੁੱਖ ਲਈ ਬਹੁਤ ਮਹੱਤਵਪੂਰਨ ਹੈ। ਇਹ ਸੰਸਾਰ ਦੇ ਇੱਕ ਦੇਸ਼ ਦੇ ਲੋਕਾਂ ਨੂੰ ਦੂਸਰੇ ਲੋਕਾਂ ਨਾਲ਼ ਜੋੜਦਾ ਹੈ। ਅੱਜ ਮਨੁੱਖ ਤਰੱਕੀ ਵੱਲ ਵੱਧ ਰਿਹਾ ਹੈ। ਇਸਦਾ ਮੁੱਖ ਸਿਹਰਾ ਸੰਚਾਰ ਦੇ ਆਧੁਨਿਕ ਸਾਧਨਾਂ ਨੂੰ ਜਾਂਦਾ ਹੈ।

**ਕਿਰਿਆ-2** ਹੇਠ ਦਰਸਾਏ ਗਏ ਸੰਚਾਰ ਸਾਧਨਾਂ ਨੂੰ ਪਹਿਚਾਣੋ ਅਤੇ ਚਿੱਤਰ ਸਾਹਮਣੇ ਉਸ ਦਾ ਨਾਮ ਲਿਖੋ—







1. ..........................

2. ..........................

3. ..........................

ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਸੂਚਨਾ ਪਹੁੰਚਾ ਸਕਦੇ ਹਨ। ਇਨ੍ਹਾਂ ਨੂੰ **ਲੋਕਸੰਚਾਰ ਦੇ ਸਾਧਨ** ਆਖਿਆ ਜਾਂਦਾ ਹੈ ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।

ਪੰਖੁੜੀ ਦੁਆਰਾ ਸਾਡੇ ਕੋਲ ਸੰਦੇਸ਼ ਪਹੁੰਚਾਉਣ ਲਈ ਕਈ ਤਰੀਕੇ ਵਰਤੇ ਜਾਂਦੇ ਹਨ, ਕੀ ਤੁਸੀਂ ਬੁੱਝ ਸਕਦੇ ਹੋ ?

ਹੇਠਾਂ ਖ਼ਾਲੀ ਥਾਂ ਵਿੱਚ ਉਸ ਸਾਧਨ ਦਾ ਨਾਂ ਭਰੋ।

ਮੈਨੂੰ ..................... ਕਹਿੰਦੇ ਹਨ। ਮੇਰੇ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਸੁਨੇਹੇ ਤੁਰੰਤ ਹੀ ਪਹੁੰਚ ਜਾਂਦੇ ਹਨ। ਮੇਰੇ ਰਾਹੀਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਜਾ ਸਕਦੀਆਂ ਹਨ। ਜਦੋਂ ਕਿ ਚਿੱਠੀ ਦੁਆਰਾ ਸੀਮਿਤ ਗੱਲਬਾਤ ਕੀਤੀ ਜਾਂਦੀ ਹੈ। ਹੁਣ ਮੇਰੀ ਵਰਤੋਂ ਵੀ ਘਟਦੀ ਜਾਂਦੀ ਹੈ।



ਮੈਨੂੰ ..................... ਕਹਿੰਦੇ ਹਨ, ਮੇਰੇ ਰਾਹੀਂ ਜਦੋਂ ਚਾਹੋ- ਜਿੱਥੇ ਚਾਹੋ ਗੱਲਬਾਤ ਕੀਤੀ ਜਾ ਸਕਦੀ ਹੈ। ਮੈਂ ਲਿਖਤੀ ਚਿੱਠੀ ਵੀ ਤੁਰੰਤ ਭੇਜ ਦਿੰਦਾ ਹਾਂ। ਚਿੱਠੀ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਵੀ ਨਹੀਂ ਹੁੰਦੀ। ਲੋਕ ਅਕਸਰ ਮੈਨੂੰ ਆਪਣੀ ਜੇਬ ਵਿੱਚ ਰੱਖਦੇ ਹਨ।



ਮੈਨੂੰ..................... ਕਹਿੰਦੇ ਹਨ। ਮੇਰੇ ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।



ਮੈਂ ..................... ਹਾਂ। ਮੈਨੂੰ ਲਿਖਣ ਲਈ ਕਿਸੇ ਕਾਗਜ਼ ਜਾਂ ਪੈੱਨ ਦੀ ਲੋੜ ਨਹੀਂ ਹੁੰਦੀ। ਅੱਜ ਕੱਲ੍ਹ ਤੁਹਾਡੇ ਸਕੂਲਾਂ ਵਿੱਚ ਸੁਨੇਹੇ ਮੇਰੇ ਰਾਹੀਂ ਤੁਰੰਤ ਪਹੁੰਚ ਜਾਂਦੇ ਹਨ। ਮੇਰਾ ਪੂਰਾ ਨਾਮ ਇਲੈਕਟ੍ਰੋਨਿਕ ਮੇਲ ਹੈ ਜਿਸਨੂੰ ਈਮੇਲ ਵੀ ਕਿਹਾ ਜਾਂਦਾ ਹੈ। ਮੈਨੂੰ ਕੰਪਿਊਟਰ ਰਾਹੀਂ ਭੇਜਿਆ ਜਾਂਦਾ ਹੈ।




ਮੈ..................... ਹਾਂ। ਮੇਰੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ। ਪੁਰਾਣੇ ਸਮੇਂ ਵਿੱਚ ਮੈਨੂੰ ਜ਼ਰੂਰੀ ਖ਼ਬਰਾਂ ਜਲਦੀ ਪੰਹੁਚਾਉਣ ਲਈ ਵਰਤਿਆ ਜਾਂਦਾ ਸੀ। ਪਿੰਡਾਂ ਵਿੱਚ ਤਾਰ ਦੇ ਪ੍ਰਾਪਤ ਹੋਣ ਨੂੰ ਅਕਸਰ ਮਾੜੀ ਖ਼ਬਰ ਦਾ ਸੁਨੇਹਾ ਮੰਨਦੇ ਸਨ।


Charges to pay
RECEIVED
POST OFFICE
TELEGRAM
Prefix. Time handed in. Office of Origin and Service Instructions. Words.
33
From
To
33 11.8 RUISLIP TS 32
FRIPP BERCOS EASTBORO WIMBORNE-DORSET =
UNCONFIRMED REPORT BY GERMAN PILOT STATES YOUR SON 565033 FRIPP LANDED BY PARACHUTE ON GERMAN TERRITORY STOP TAKEN PRISONER STOP CONFIRMATION WILL BE FORWARDED WHEN RECEIVED = RECORDS RUISLIP ++
565033 ++++

ਬੱਚਿਓ! ਮੋਬਾਇਲ ਫ਼ੋਨ ਰਾਹੀਂ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ ਰਹਿ ਰਹੇ ਵਿਅਕਤੀ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ। ਅੱਜਕੱਲ੍ਹ ਮੋਬਾਈਲ ਫ਼ੋਨ ਜ਼ਿਆਦਾ ਪ੍ਰਚੱਲਿਤ ਹੋ ਗਏ ਹਨ ਪਰ ਸਕੂਟਰ, ਮੋਟਰ ਸਾਇਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ। ਟੈਲੀਵਿਜ਼ਨ ਦਾ ਵੀ ਲੋਕਾਂ 'ਤੇ ਬਹੁਤ ਡੂੰਘਾ ਪ੍ਰਭਾਵ ਹੈ। ਪਰ ਬੱਚਿਓ ਰੋਜ਼ਾਨਾ ਲਗਾਤਾਰ ਟੀ.ਵੀ ਦੇਖਣ ਅਤੇ ਗੇਮਾਂ ਖੇਡਣ ਨਾਲ਼ ਸਾਡੀਆਂ ਅੱਖਾਂ ਵੀ ਖ਼ਰਾਬ ਹੋ ਸਕਦੀਆਂ ਹਨ ਅਤੇ ਇਸਦਾ ਸਾਡੀ ਮਾਨਸਿਕ ਸਿਹਤ ਉੱਪਰ ਵੀ ਮਾੜਾ ਅਸਰ ਪੈਂਦਾ ਹੈ।

ਪੰਖੁੜੀ ਨੇ ਦੱਸਿਆ ਸੀ ਕਿ ਸੰਚਾਰ ਦੇ ਇਨ੍ਹਾਂ ਤੇਜ਼ ਸਾਧਨਾਂ ਨੇ ਸਾਡੇ ਰਹਿਣ ਸਹਿਣ ਵਿੱਚ ਬਹੁਤ ਵੱਡੀ ਤਬਦੀਲੀ ਲਿਆਂਦੀ ਹੈ। ਅਸੀਂ ਪਲ ਭਰ ਵਿੱਚ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਰਹਿ ਰਹੇ ਕਿਸੇ ਵੀ ਵਿਅਕਤੀ ਨਾਲ਼ ਸੰਪਰਕ ਕਰ ਸਕਦੇ ਹਾਂ। ਸਾਨੂੰ ਦੇਸ਼ ਦੇ ਵਿਕਾਸ ਲਈ ਇਨ੍ਹਾਂ ਸਾਧਨਾਂ ਦੀ ਢੁੱਕਵੀਂ ਵਰਤੋਂ ਕਰਨੀ ਚਾਹੀਦੀ ਹੈ।



## ਯਾਦ ਰੱਖਣ ਯੋਗ ਗੱਲਾਂ

- ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ 'ਤੇ ਸੰਦੇਸ਼ ਭੇਜਣ ਲਈ "ਦੂਤ" ਜਾਂਦੇ ਸਨ ਜੋ ਆਉਣ-ਜਾਣ ਲਈ ਘੋੜਿਆਂ ਦਾ ਪ੍ਰਯੋਗ ਕਰਦੇ ਸਨ।
- ਡਾਕੀਏ ਚਿੱਠੀਆਂ, ਪਾਰਸਲ, ਮਨੀਆਰਡਰ ਆਦਿ ਪਹੁੰਚਾਉਂਦੇ ਹਨ।
- ਸੰਚਾਰ ਤੋਂ ਭਾਵ ਹੈ ਸੰਦੇਸ਼ ਭੇਜਣਾ ਅਤੇ ਪ੍ਰਾਪਤ ਕਰਨਾ।
- ਅਜਿਹੇ ਸਾਧਨ ਜਿਹੜੇ ਇੱਕੋ ਸਮੇਂ ਹੀ ਲੱਖਾਂ ਲੋਕਾਂ ਤੱਕ ਪਹੁੰਚ ਸਕਦੇ ਹਨ। ਇਨ੍ਹਾਂ ਨੂੰ ਲੋਕਸੰਚਾਰ ਦੇ ਸਾਧਨ ਆਖਿਆ ਜਾਂਦਾ ਹੈ ਜਿਵੇਂ ਰੇਡੀਓ, ਟੈਲੀਵਿਜ਼ਨ, ਅਖ਼ਬਾਰ, ਰਸਾਲੇ, ਉਪਗ੍ਰਹਿ ਆਦਿ।
- ਟੈਲੀਗ੍ਰਾਮ ਦੀ ਵਰਤੋਂ ਅੱਜ ਕੱਲ੍ਹ ਬੰਦ ਹੋ ਗਈ ਹੈ।
- ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਕਾਰਨ ਕਈ ਦੁਰਘਟਨਾਵਾਂ ਵੀ ਹੋ ਸਕਦੀਆਂ ਹਨ।



1. **ਖ਼ਾਲੀ ਥਾਂਵਾਂ ਭਰੋ—**

**(ਫੈਕਸ, ਟੈਲੀਗ੍ਰਾਮ (ਤਾਰ), ਦੂਤ, ਖ਼ਤਰਨਾਕ)**

(ੳ) ਪੁਰਾਣੇ ਸਮਿਆਂ ਵਿੱਚ ਇੱਕ ਸਥਾਨ ਤੋਂ ਦੂਜੇ ਸਥਾਨ ਤੇ ਸੰਦੇਸ਼ ਭੇਜਣ ਲਈ .................... ਭੇਜੇ ਜਾਂਦੇ ਸਨ।

(ਅ) ਪਿੰਡਾਂ ਵਿੱਚ .................... ਦਾ ਪ੍ਰਾਪਤ ਹੋਣਾ ਮਾੜੀ ਖ਼ਬਰ ਦਾ ਸੁਨੇਹਾ ਮੰਨਿਆ ਜਾਂਦਾ ਸੀ।

(ੲ) .................... ਰਾਹੀਂ ਲਿਖੇ ਹੋਏ ਪੱਤਰਾਂ ਦੀ ਨਕਲ ਦੂਸਰੇ ਪਾਸੇ ਤੁਰੰਤ ਪ੍ਰਾਪਤ ਕੀਤੀ ਜਾ ਸਕਦੀ ਹੈ।

(ਸ) ਸਕੂਟਰ, ਮੋਟਰ ਸਾਈਕਲ ਜਾਂ ਕਾਰ ਚਲਾਉਂਦੇ ਸਮੇਂ ਮੋਬਾਈਲ ਫ਼ੋਨ 'ਤੇ ਗੱਲ ਕਰਨਾ .................... ਸਿੱਧ ਹੋ ਸਕਦਾ ਹੈ।

2. **ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।**

(ੳ) ਲੋਕ ਅਕਸਰ ਮੋਬਾਈਲ ਫ਼ੋਨ ਨੂੰ ਜੇਬ ਵਿੱਚ ਰੱਖਦੇ ਹਨ। ☐

(ਅ) ਉਪਗ੍ਰਹਿ ਇੱਕ ਸੰਚਾਰ ਸਾਧਨ ਨਹੀਂ ਹੈ। ☐

(ੲ) ਡਾਕੀਆ ਚਿੱਠੀਆਂ ਪਹੁੰਚਾਉਣ ਦਾ ਕੰਮ ਕਰਦਾ ਹੈ। ☐

3. **ਸੰਚਾਰ ਤੋਂ ਕੀ ਭਾਵ ਹੈ ?**

........................................................................................................


4. **ਲੋਕਸੰਚਾਰ ਸਾਧਨਾਂ ਦੀਆਂ ਕੁੱਝ ਉਦਾਹਰਨਾਂ ਦਿਉ।**


........................................................................................................

5. **ਈ-ਮੇਲ ਤੋਂ ਕੀ ਭਾਵ ਹੈ ? ਇਹ ਕਿਸ ਤਰ੍ਹਾਂ ਸੰਦੇਸ਼ ਦਾ ਸੰਚਾਰ ਕਰਦੀ ਹੈ ?**

........................................................................................................

## 6. ਦਿਮਾਗੀ ਕਸਰਤ




*****